# ਹਰਵੰਤ ਪਾਲ ਸਿੰਘ ਪੰਨੂੰ

## ਕੀ-ਬੋਰਡ ਲੇਅ-ਆਊਟ (ਡੀ ਆਰ ਚਾਤ੍ਰਿਕ ਵੈੱਬ) ਮਾਰਚ 25, 2002




ਨੋਟ: ਇਸ ਫੌਂਟ ਵਿੱਚ ਆਪਣੀ ਰੁਚੀ ਦਖਾਉਣ ਲਈ ਧੰਨਵਾਦ। ਬਹੁਤ ਸਾਰੀਆਂ ਸੋਧਾਂ ਪਿੱਛੋਂ ਧਨੀ ਰਾਮ ਚਾਤਰਿਕ ਵੈੱਬ ਫੌਂਟ ਇਸ ਰੂਪ ਵਿੱਚ ਆਈ ਹੈ। ਇਹ ਲੱਗਪੱਗ ਸੰਪੂਰਨ ਅਤੇ ਸਰਬਕਲਾ ਗੁਰਮੁਖੀ ਫੌਂਟ ਹੈ। ਇਸ ਦੇ ਗੁਣਾ ਦਾ ਪਾਰਾਵਾਰਾ ਫੌਂਟਾਂ ਦੇ ਗੁਣੀ ਗਿਆਨੀ ਹੀ ਪਾ ਸਕਦੇ ਹਨ। ਇਹ ਵੈੱਬ, ਸ਼ਬਦ ਜੋੜ ਚੈੱਕ, ਗੁਰਬਾਣੀ ਲਿਖਣ ਦੇ ਅਨੁਕੂਲ ਹੈ। ਇਸ ਨੂੰ ਅਪਨਾਉਣ ਨਾਲ ਪੰਜਾਬੀ ਟਾਈਪ ਵਿੱਚ ਆ ਰਹੀਆਂ ਸਾਰੀਆਂ ਔਕੜਾਂ ਦੂਰ ਹੋ ਜਾਂਦੀਆਂ ਹਨ ਅਤੇ ਰਫਤਾਰ ਵੀ ਤੇਜ ਹੋ ਜਾਂਦੀ ਹੈ। ਧਿਆਨ ਦੇਣ ਵਾਲ਼ੀ ਗੱਲ ਇਹ ਹੈ ਕਿ ਪੈਰ ਅੱਖਰ ਬਿੰਦੀ ਸਿਫਟ ਐੱਲ ਨਾਲ਼ ਪੈਂਦੀ ਹੈ ਅਤੇ ਸਾਰੇ ਅੱਖਰਾਂ ਦੇ ਪੈਰ ਪੈਂਦੀ ਹੈ। ਪਹਿਲੋਂ ਅੱਖਰ ਪਾਓ ਅਤੇ ਫਿਰ ਬਿੰਦੀ। ਜਿਵੇਂ ਕਿ ਸ +. = ਸ਼, ਲ +. = ਲ਼। ਓ ਅਤੇ ੵ ਨਾਲ ਪਾਉਣ ਲਈ ਅਧਕ ਅਤੇ ਟਿੱਪੀ ਤਰਤੀਬ ਅਨੁਸਾਰ ਅਪਰ ਡਬਲਿਊ ਅਤੇ ਅਪਰ ਐੱਸ ਉੱਤੇ ਹੈ। ਅਪੌਸਟਰੌਫੀ ਕਾਮਾ ਪਾਉਣ ਲਈ ਅੰਗਰੇਜੀ ਵਾਲ਼ੀ ਥਾਂ ਭਾਵ ਕੀ ਬੋਰਡ ਦੇ ਖੱਬੇ ਉੱਪਰੀ ਕੋਨੇ ਵਿੱਚ ਟਿਲਡੇ ਦੇ ਥੱਲੇ ਹੈ। ਕਿਉਂਕਿ ਕੀਆਂ ਦੀ ਗਿਣਤੀ ਸੀਮਤ ਹੈ ਅਤੇ ਅੱਜ ਕੱਲ੍ਹ ਙ ਅਤ ਞ ਦੀ ਵਰਤੋਂ ਘਟ ਰਹੀ ਹੈ, ਇਸ ਲਈ ਇਨ੍ਹਾਂ ਨੂੰ ਆਲਟ 0213 ਅਤੇ 0214 ਉੱਤੇ ਰੱਖਿਆ ਗਿਆ ਹੈ। ਆਲਟ ਕੀਆਂ ਦੀ ਅਲਾਟਮੈਂਟ ਦੇ ਗਿਆਤਾ ਜਾਣਦੇ ਹਨ ਕਿ ਇਨ੍ਹਾਂ ਨੂੰ ਕਿਵੇਂ ਕੀ ਬੋਰਡ ਉੱਤੇ ਲੈ ਕੇ ਆਉਣਾ ਹੈ। ਇਨਸਰਟ → ਸਿੰਬਲ → ਨਾਰਮਲ ਟੈੱਕਸਟ ਉੱਤੇ ਜਾ ਕੇ ਇਸ ਫੌਂਟ ਦੀਆਂ ਸਾਰੀਆਂ ਹੀ ਸੰਭਾਵਨਾਵਾਂ ਦੇਖੀਆਂ ਜਾ ਸਕਦੀਆਂ ਹਨ।

ਤੁਹਾਡੇ ਸੁਝਾਵਾਂ ਲਈ ਸਦਾ ਹਿਰਦਾ ਖੁੱਲ੍ਹਾ ਹੈ ਅਤੇ ਖੁੱਲਾ ਹੀ ਰਹੇਗਾ। ਫੋਨ: (905) 458-3419 (ਟਰਾਂਟੋ-ਕਨੇਡਾ) email "kirpal_pannu@yahoo.com"